The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




11 November 2018 Daily, editornztasveer@gmail.com designnztasveer@gmail.com Ph/Fax: 09 390 4644 FREE

## ਵੇਅ ਆਫ ਆਈਲੈਂਡਜ਼ ਦੇ ਹਸਪਤਾਲ ਉੱਤੇ ਸਰਕਾਰ ਖਰਚੇਗੀ $7 ਮਿਲੀਅਨ ਤੋਂ ਵੱਧ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਰਕਾਰ ਵੇਅ ਆਫ ਆਇਲੈਂਡਜ਼ ਹਸਪਤਾਲ ਨੂੰ ਮੁੜ ਵਿਕਸਤ ਕਰਨ ਲਈ $7 ਮਿਲੀਅਨ ਤੋਂ ਵੱਧ ਖਰਚ ਕਰ ਰਹੀ ਹੈ। ਸਿਹਤ ਮੰਤਰੀ ਡੇਵਿਡ ਕਲਾਰਕ ਨੇ ਕਿਹਾ ਕਿ ਇਕ ਨਵੀਂ ਇਮਾਰਤ ਲੋਕਾਂ ਨੂੰ ਉਹਨਾਂ ਦੀਆਂ ਲੋੜੀਂਦੀਆਂ ਸੇਵਾਵਾਂ ਦੀ ਬਿਹਤਰ ਪਹੁੰਚ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ "ਸਾਈਟ ਤੇ ਜੀਪੀ ਅਤੇ ਹੋਰ ਪ੍ਰਾਇਮਰੀ ਕੇਅਰ ਦੇ ਡਾਕਟਰ ਹੋਣ ਦਾ ਮਤਲਬ ਹੋਵੇਗਾ ਕਿ ਸਥਾਨਕ ਲੋਕ ਵਧੇਰੇ ਢੁਕਵੇਂ ਦੇਖਭਾਲ ਅਤੇ ਇਲਾਜ ਪ੍ਰਾਪਤ ਕਰ ਸਕਦੇ ਹਨ." ਬਾਹਰੀ ਰੋਗੀ ਸੇਵਾਵਾਂ ਦੇ ਨਾਲ, Ngati Hine Health Trust ਦੇ ਡਾਕਟਰ ਨਵੀਆਂ ਸੁਵਿਧਾਵਾਂ ਤੋਂ ਮੁਢਲੀ ਸਿਹਤ ਸੰਭਾਲ ਪ੍ਰਦਾਨ ਕਰਨਗੇ। ਮਿਸਟਰ ਕਲਾਰਕ ਨੇ ਕਿਹਾ ਕਿ ਕਿਡਨੀ ਇਲਾਜ ਦਾ ਸਥਾਨ, ਜੋ ਇਸ ਸਮੇਂ ਪੁਰਾਣੇ ਹਸਪਤਾਲ ਵਿਚ ਹੈ, ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ। ਨਵੀਂ ਸਹੂਲਤ ਪੁਨਰ ਵਿਧੀ ਦਾ ਦੂਜਾ ਅਤੇ ਆਖਰੀ ਪੜਾਅ ਹੈ ਅਤੇ ਇਸ ਨੂੰ Acute Medical Building ਦੇ ਨਾਲ ਬਣਾਇਆ ਜਾਵੇਗਾ ਜੋ ਕਿ ਸਤੰਬਰ ਨੂੰ ਖੋਲ੍ਹਿਆ ਗਿਆ ਸੀ। ਉਸਾਰੀ ਦਾ ਕੰਮ 2019 ਦੇ ਮੱਧ ਵਿੱਚ ਸ਼ੁਰੂ ਹੋਵੇਗਾ ਅਤੇ ਨਵੀਂ ਇਮਾਰਤ ਇੱਕ ਸਾਲ ਦੇ ਅੰਦਰ ਪੂਰੀ ਕੀਤੀ ਜਾਵੇਗੀ।

## ਗੂਗਲ ਨੇ ਕੀਤਾ ਯੌਨ ਸ਼ੋਸ਼ਣ ਮਾਮਲਿਆਂ 'ਤੇ ਸਖਤੀ ਦਾ ਵਾਅਦਾ

ਸਾਨ ਫ੍ਰਾਂਸਿਸਕੋ— ਗੂਗਲ ਨੇ ਯੌਨ ਸ਼ੋਸ਼ਣ ਦੇ ਮਾਮਲਿਆਂ ਨਾਲ ਨਿਪਟਣ 'ਚ ਜ਼ਿਆਦਾ ਸਖਤੀ ਤੇ ਖੁੱਲ੍ਹਾਪਨ ਦਿਖਾਉਣ ਦਾ ਵਾਅਦਾ ਕੀਤਾ ਹੈ। ਕੰਪਨੀ ਦੀ ਪੁਰਸ਼ ਪ੍ਰਧਾਨ ਵਾਲੀ ਸੰਸਕ੍ਰਿਤੀ ਦੇ ਖਿਲਾਫ ਇਸ ਦੇ ਹਜ਼ਾਰਾਂ ਕਰਮਚਾਰੀਆਂ ਵਲੋਂ ਪਿਛਲੇ ਹਫਤੇ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਇਹ ਵਾਅਦਾ ਕੀਤਾ ਹੈ। ਗੂਗਲ ਨੇ ਪ੍ਰਦਰਸ਼ਨਕਾਰੀ ਕਰਮਚਾਰੀਆਂ ਦੀ ਇਹ ਪ੍ਰਮੁੱਖ ਮੰਗ ਮੰਨ ਲਈ ਹੈ ਕਿ ਯੌਨ ਸ਼ੋਸ਼ਣ ਦੇ ਸਾਰੇ ਮਾਮਲਿਆਂ 'ਚ ਲਾਜ਼ਮੀ ਵਿਚੋਲਗੀ ਦੀ ਸ਼ਰਤ ਹਟਾਈ ਜਾਵੇ। ਇਹ ਨਿਯਮ ਹੁਣ ਅਖਤਿਆਰੀ ਹੋਵੇਗਾ ਤਾਂਕਿ ਸ਼ਿਕਾਇਤਕਰਤਾ ਖੁਦ ਹੀ ਇਸ ਗੱਲ ਦਾ ਫੈਸਲਾ ਕਰ ਸਕੇ ਕਿ ਉਸ ਨੇ ਮਾਮਲਾ ਅਦਾਲਤ 'ਚ ਲਿਜਾਣਾ ਹੈ ਜਾਂ ਆਪਣੇ ਮਾਮਲੇ ਨੂੰ ਕੰਪਨੀ ਦੀ ਜੂਰੀ ਦੇ ਸਾਹਮਣੇ ਰੱਖਣਾ ਹੈ। ਮਹਿਲਾ ਕਰਮਚਾਰੀਆਂ ਵਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਕੈਬ ਸੇਵਾ ਕੰਪਨੀ ਉਬੇਰ ਨੇ ਖੁਦ 'ਚ ਅਜਿਹੇ ਹੀ ਬਦਲਾਅ ਕੀਤੇ ਸਨ। ਕੰਪਨੀ ਦੀ ਵਧੀਕ ਜਾਂਚ 'ਚ ਪਤਾ ਲੱਗਿਆ ਕਿ ਉਸ ਦੇ ਕਈ ਕਰਮਚਾਰੀ ਯੌਨ ਉਤਪੀੜਨ ਦੇ ਸ਼ਿਕਾਰ ਹੋਏ ਹਨ। ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਕੰਪਨੀ ਦੇ ਕਰਮਚਾਰੀਆਂ ਨੂੰ ਭੇਜੇ ਈ-ਮੀਲ 'ਚ ਕਿਹਾ ਕਿ ਗੂਗਲ ਦੇ ਸੀਨੀਅਰ ਅਧਿਕਾਰੀਆਂ ਤੇ ਮੈਂ ਤੁਹਾਡੀ ਪ੍ਰਤੀਕਿਰਿਆ ਸੁਣੀ ਹੈ ਤੇ ਤੁਹਾਡੇ ਵਲੋਂ ਸਾਂਝੀਆਂ ਕੀਤੀਆਂ ਗਈਆਂ ਗੱਲਾਂ ਨਾਲ ਕਾਫੀ ਪ੍ਰਭਾਵਿਤ ਹੋਇਆ ਹਾਂ।

## ਏਅਰ ਏਸ਼ੀਆ ਨੇ ਨਿਊਜ਼ੀਲੈਂਡ ਦੀਆਂ ਉਡਾਨਾ ਕੀਤੀਆਂ ਬੰਦ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਏਅਰ ਏਸ਼ੀਆ ਵੱਲੋਂ ਆਉਂਦੀ 11 ਫਰਵਰੀ 2019 ਤੋਂ ਆਪਣੀਆਂ ਸੇਵਾਵਾਂ ਕੁਆਲਾਲੁਮਪੁਰ-ਗੋਲਡ ਕੋਸਟ ਆਕਲੈਂਡ ਬੰਦ ਕਰਨ ਦਾ ਫੈਸਲਾ ਲਿਆ ਹੈ ਅਤੇ ਜਿਨ੍ਹਾਂ ਯਾਤਰੀਆਂ ਦੀ ਟਿਕਟਾਂ ਰੱਦ ਹੋਣਗੀਆਂ ਉਨ੍ਹਾਂ ਨੂੰ ਪੈਸੇ ਵਾਪਸ ਕਰ ਦਿੱਤੇ ਜਾਣਗੇ। ਇਸ ਗੱਲ ਦੀ ਜਾਣਕਾਰੀ ਏਅਰ ਵਿਸ਼ੇ ਦੇ ਬੁਲਾਰੇ ਨੇ ਦਿੱਤੀ ਉਨ੍ਹਾਂ ਨੇ ਦੱਸਿਆ ਕਿ 29 ਜਨਵਰੀ ਤੋਂ 11 ਫਰਵਰੀ ਦੇ ਵਿਚਕਾਰ ਰੋਜ਼ਾਨਾ ਦੀਆਂ ਉਡਾਣਾਂ ਨੂੰ ਘਟਾਕੇ ਪ੍ਰਤੀ ਹਫਤਾ 4 ਤੱਕ ਕੀਤੀਆਂ ਜਾਣਗੀਆਂ ਅਤੇ ਉਸ ਤੋਂ ਬਾਅਦ ਪੂਰੀ ਤਰਾਂ ਬੰਦ ਕਰ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਏਅਰ ਏਸ਼ੀਆ ਵੱਲੋਂ ਕੁਆਲਾਲੰਪੁਰ ਤੋਂ ਗੋਲਡ ਕੋਸਟ ਆਕਲੈਂਡ ਦੀਆਂ ਸੇਵਾਵਾਂ ਮਾਰਚ 2016 ਵਿੱਚ ਸ਼ੁਰੂ ਕੀਤੀਆਂ ਗਈਆਂ ਸਨ। ਇਸ ਤੋਂ ਪਹਿਲਾਂ ਏਅਰ ਏਸ਼ੀਆ ਕ੍ਰਾਈਸਚਰਚ ਦੀਆਂ ਸੇਵਾਵਾਂ ਮਈ 2012 ਵਿੱਚ ਬੰਦ ਕਰ ਚੁੱਕੀ ਹੈ।

## ਭਾਰਤ ਨੇ ਨਿਊਜ਼ੀਲੈਂਡ ਨੂੰ 34 ਦੌੜਾਂ ਨਾਲ ਹਰਾਇਆ



ਗਯਾਨਾ- ਕਪਤਾਨ ਹਰਮਨਪ੍ਰੀਤ ਕੌਰ (103) ਦੇ ਧਮਾਕੇਦਾਰ ਸੈਂਕੜੇ ਤੇ ਸਪਿਨ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਭਾਰਤ ਨੇ ਨਿਊਜ਼ੀਲੈਂਡ ਨੂੰ ਆਈ. ਸੀ. ਸੀ. ਮਹਿਲਾ ਕ੍ਰਿਕਟ ਵਿਸ਼ਵ ਕੱਪ ਟੀ-20 ਟੂਰਨਾਮੈਂਟ ਵਿਚ ਸ਼ੁੱਕਰਵਾਰ ਨੂੰ ਗਰੁੱਪ-ਬੀ ਮੈਚ ਵਿਚ ਇਕਤਰਫਾ ਅੰਦਾਜ਼ ਵਿਚ 34 ਦੌੜਾਂ ਨਾਲ ਹਰਾ ਕੇ ਜੇਤੂ ਸ਼ੁਰੂਆਤ ਕਰ ਲਈ। ਭਾਰਤ ਨੇ 5 ਵਿਕਟਾਂ 'ਤੇ 194 ਦੌੜਾਂ ਦਾ ਮਜ਼ਬੂਤ ਸਕੋਰ ਬਣਾਉਣ ਤੋਂ ਬਾਅਦ ਨਿਊਜ਼ੀਲੈਂਡ ਨੂੰ 20 ਓਵਰਾਂ ਵਿਚ 9 ਵਿਕਟਾਂ 'ਤੇ 160 ਦੌੜਾਂ 'ਤੇ ਰੋਕ ਦਿੱਤਾ। ਭਾਰਤੀ ਕਪਤਾਨ ਨੂੰ ਉਸਦੇ ਬਿਹਤਰੀਨ ਸੈਂਕੜੇ ਲਈ 'ਪਲੇਅਰ ਆਫ ਦਿ ਮੈਚ' ਦਾ ਐਵਾਰਡ ਦਿੱਤਾ ਗਿਆ। ਡੈਬਿਊ ਮੈਚ ਖੇਡ ਰਹੀ ਆਫ ਸਪਿਨਰ ਦਯਾਲਨ ਹੇਮਲਤਾ ਨੇ 4 ਓਵਰਾਂ ਵਿਚ 26 ਦੌੜਾਂ ਦੇ ਕੇ 3 ਵਿਕਟਾਂ ਲਈਆਂ, ਜਦਕਿ ਪੂਨਮ ਯਾਦਵ ਨੇ 4 ਓਵਰਾਂ ਵਿਚ 33 ਦੌੜਾਂ 'ਤੇ 3 ਵਿਕਟਾਂ ਲਈਆਂ। ਹਰਮਨਪ੍ਰੀਤ ਨੇ ਸਿਰਫ 51 ਗੇਂਦਾਂ 'ਤੇ 103 ਦੌੜਾਂ ਦੀ ਧਮਾਕੇਦਾਰ ਪਾਰੀ ਵਿਚ 7 ਚੌਕੇ ਤੇ 8 ਛੱਕੇ ਲਾਏ। ਹਰਮਨਪ੍ਰੀਤ ਦਾ ਟੀ-20 ਵਿਚ ਇਹ ਪਹਿਲਾ ਸੈਂਕੜਾ ਹੈ। ਉਸ ਨੇ 89ਵੇਂ ਮੈਚ ਵਿਚ ਜਾ ਕੇ ਆਪਣਾ ਪਹਿਲਾ ਸੈਂਕੜਾ ਬਣਾਇਆ। ਇਸ ਤੋਂ ਪਹਿਲਾਂ ਟੀ-20 ਵਿਚ ਉਸਦਾ ਸਰਵਸ੍ਰੇਸ਼ਠ ਸਕੋਰ 77 ਦੌੜਾਂ ਸੀ। ਪਿਛਲੇ ਸਾਲ ਇੰਗਲੈਂਡ ਵਿਚ ਹੋਏ 50 ਓਵਰਾਂ ਦੇ ਵਿਸ਼ਵ ਕੱਪ ਵਿਚ ਆਸਟਰੇਲੀਆ ਵਿਰੁੱਧ ਅਜੇਤੂ 171 ਦੌੜਾਂ ਬਣਾਉਣ ਵਾਲੀ ਪੰਜਾਬ ਦੇ ਮੋਗਾ ਸ਼ਹਿਰ ਦੀ ਹਰਮਨਪ੍ਰੀਤ ਨੇ ਕੀਵੀ ਗੇਂਦਬਾਜ਼ਾਂ ਦੀ ਰੱਜ ਕੇ ਧੁਲਾਈ ਕੀਤੀ।ਭਾਰਤੀ ਕਪਤਾਨ ਨੇ ਆਪਣੀਆਂ 50 ਦੌੜਾਂ 33 ਗੇਂਦਾਂ ਵਿਚ ਪੂਰੀਆਂ ਕਰ ਲਈਆਂ ਸਨ। ਉਸ ਨੇ 100 ਦੌੜਾਂ 49 ਗੇਂਦਾਂ ਵਿਚ ਪੂਰੀਆਂ ਕੀਤੀਆਂ। ਹਰਮਨਪ੍ਰੀਤ ਨੇ 50 ਤੋਂ 100 ਦੌੜਾਂ ਤਕ ਪਹੁੰਚਣ ਲਈ ਸਿਰਫ 16 ਗੇਂਦਾਂ ਖੇਡੀਆਂ ਤੇ ਇਸ ਦੌਰਾਨ ਉਸ ਨੇ ਚਾਰ ਚੌਕੇ ਤੇ ਚਾਰ ਛੱਕੇ ਲਾਏ। ਓਪਨਰ ਤਾਨੀਆ ਭਾਟੀਆ (9), ਤਜਰਬੇਕਾਰ ਸਮ੍ਰਿਤੀ ਮੰਧਾਨਾ (2) ਤੇ ਦਯਾਲਨ ਹਮੇਲਤਾ (15) ਦੀਆਂ ਵਿਕਟਾਂ ਸਿਰਫ 40 ਦੌੜਾਂ 'ਤੇ ਡਿੱਗ ਜਾਣ ਤੋਂ ਬਾਅਦ ਹਰਮਨਪ੍ਰੀਤ ਤੇ ਜੇਮਿਮਾ ਰੋਡ੍ਰਿਗਜ਼ (59) ਨੇ ਚੌਥੀ ਵਿਕਟ ਲਈ 134 ਦੌੜਾਂ ਦੀ ਸਾਂਝੇਦਾਰੀ ਕਰ ਕੇ ਭਾਰਤ ਨੂੰ ਸੁਰੱਖਿਅਤ ਸਥਿਤੀ ਵਿਚ ਪਹੁੰਚਾਇਆ। ਰੋਡ੍ਰਿਗਜ਼ ਨੇ 45 ਗੇਂਦਾਂ 'ਤੇ 59 ਦੌੜਾਂ ਦੀ ਪਾਰੀ ਵਿਚ 7 ਚੌਕੇ ਲਾਏ।

## ਵੈਸਟ ਕੌਸਟ ਵਿੱਚ ਪੈ ਰਹੇ ਭਾਰੀ ਮੀਂਹ ਦੇ ਚਲਦਿਆਂ ਪ੍ਰਸ਼ਾਸਨ ਵੱਲੋਂ ਐਮਰਜੈਂਸੀ ਵਿਭਾਗ ਨੂੰ ਅਲਰਟ ਜਾਰੀ





ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਅੱਜ ਵੈਸਟ ਕੌਸਟ ਵਿੱਚ ਪੈ ਰਹੇ ਭਾਰੀ ਮੀਂਹ ਦੇ ਚਲਦਿਆਂ ਪ੍ਰਸ਼ਾਸਨ ਵੱਲੋਂ ਜਿੱਥੇ ਐਮਰਜੈਂਸੀ ਵਿਭਾਗ ਨੂੰ ਅਲਰਟ ਜਾਰੀ ਕੀਤਾ ਗਿਆ। ਉੱਥੇ ਹੀ ਇਲਾਕਿਆਂ ਵਿੱਚ ਤਾਂ ਭਾਰੀ ਮੀਂਹ ਦੇ ਚੱਲਦਿਆਂ ਸੜਕਾਂ ਬੰਦ ਕਰਨ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ ਅਤੇ ਇਸ ਤੋਂ ਇਲਾਵਾ ਲੋਕਾਂ ਦੀ ਮਦਦ ਹਾਕੀਟੀਕਾ ਦੇ ਦੱਖਣ ਵਿੱਚ ਸਥਿਤ ਹੈਰੀਹੈਰੀ ਵਿੱਚ ਸਿਵਲ ਡਿਫੈਂਸ ਵੱਲੋਂ ਲੋਕਾਂ ਦੀ ਮੱਦਦ ਦੇ ਲਈ ਸੈਂਟਰ ਵੀ ਖੋਲ੍ਹੇ ਗਏ ਹਨ ਅਤੇ ਨਾਲ ਹੀ ਵੈਸਟਲੈਂਡ ਵਿੱਚ ਜ਼ਿਆਦਾਤਰ ਸਕੂਲ ਮੌਸਮ ਦੇ ਚਲਦਿਆਂ ਬੰਦ ਕੀਤੇ ਗਏ। ਮੈਟ ਸਰਵਿਸ ਵੱਲੋਂ ਪਹਿਲਾਂ ਹੀ ਭਾਰੀ ਮੀਂਹ, ਢਿੱਗਾਂ ਡਿੱਗਣ ਅਤੇ ਹੜ੍ਹ ਵਰਗੀਆਂ ਸਥਿਤੀਆਂ ਬਣਨ ਦੇ ਬਾਰੇ ਕਿਹਾ ਗਿਆ ਹੈ। ਨਿਊ ਪਲਾਈਮਾਊਥ ਏਅਰਪੋਰਟ ਵਿੱਚ ਤਾਂ ਅੱਜ ਸਵੇਰ ਤੋਂ ਕਿਸੇ ਉਡਾਣ ਨੂੰ ਪ੍ਰਵਾਨਗੀ ਨਹੀ ਦਿੱਤੀ ਗਈ ਅਤੇ ਤਕਰੀਬਨ 8 ਉਡਾਨਾਂ ਰੱਦ ਕੀਤੀਆਂ ਗਈਆਂ।

## ਨਿਊਜੀਲੈਂਡ ਦੇ ਵੱਖ-ਵੱਖ ਗੁਰੂ ਘਰਾਂ 'ਚ ' ਬੰਦੀ ਛੋੜ' ਦਿਵਸ ਮੌਕੇ ਸਮਾਗਮ, ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ ਵੇਖਣ ਨੂੰ ਮਿਲਿਆ





ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਹਰ ਸਾਲ ਵਾਂਗ ਬੰਦੀ ਛੋੜ ਦਿਹਾੜੇ ਅਤੇ ਦੀਵਾਲੀ ਮੌਕੇ ਇਸ ਵਾਰ ਵੀ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨਿਨੀ 'ਚ ਬੁੱਧਵਾਰ ਸ਼ਾਮ ਨੂੰ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ ਵੇਖਣ ਨੂੰ ਮਿਲਿਆ। ਜਿਸ ਵਿੱਚ ਸੰਗਤ ਭਾਰੀ ਉਤਸ਼ਾਹ ਨਾਲ ਪੁੱਜੀ ਅਤੇ ਮੰਨਿਆ ਜਾ ਰਿਹਾ ਹੈ ਕਿ ਗਿਣਤੀ 20 ਤੋਂ 25 ਹਜ਼ਾਰ ਦੇ ਦਰਮਿਆਨ ਸੀ। ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ, ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਵੱਲੋਂ ਕਰਵਾਏ ਜਾਣ ਵਾਲੇ ਇਸ ਪ੍ਰੋਗਰਾਮ ਨੂੰ ਭਾਰਤੀ ਮੂਲ ਦਾ ਸਭ ਤੋਂ ਵੱਡਾ ਈਵੈਂਟ ਹੋਣ ਦਾ ਮਾਣ ਹਾਸਲ ਹੈ। ਜਿਸ ਪਾਰਲੀਮੈਂਟ 'ਚ ਵਿਰੋਧੀ ਧਿਰ ਨੇਤਾ ਅਤੇ ਨੈਸ਼ਨਲ ਪਾਰਟੀ ਦੇ ਆਗੂ ਸਾਈਮਨ ਬਰਿਜਸ ਨੇ ਵੀ ਹਾਜ਼ਰੀ ਭਰੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜਣ ਨਾਲ ਸਬੰਧਤ ਇਸ ਦਿਹਾੜੇ ਨੂੰ ਨਿਊਜ਼ੀਲੈਂਡ ਦੇ ਇਸ ਸਭ ਤੋਂ ਵੱਡੇ ਗੁਰੂਘਰ 'ਚ ਪੂਰੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਸੰਗਤ ਸ਼ਾਮ ਛੇ ਵਜੇ ਤੋਂ ਹੀ ਮੱਥਾ ਟੇਕਣ ਲਈ ਕਤਾਰਾਂ 'ਚ ਬੰਨ੍ਹ ਕੇ ਖੜ੍ਹੀ ਨਜ਼ਰ ਆਈ ਜਦੋਂ ਕਿ ਅੱਠ ਵਜੇ ਤੱਕ ਮੱਥਾ ਟੇਕਣ ਲਈ ਦਸ ਲਾਈਨਾਂ ਬਣਾਉਣੀਆਂ ਪਈਆਂ। ਗੁਰਦੁਆਰਾ ਸਾਹਿਬ 'ਚ ਰੱਖੇ ਵਿਸ਼ੇਸ਼ ਖੜਵੇਂ ਫਰੇਮ 'ਤੇ ਬੀਬੀਆਂ ਨੇ ਪੂਰੀ ਸ਼ਰਧਾ ਨਾਲ ਦੀਵੇਂ ਜਗਾ ਕੇ ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਮਨਾਈ। ਰੰਗ-ਬਰੰਗੀ ਕਾਇਨਾਤ 'ਚ ਰੰਗਿਆ ਗੁਰੂਘਰ ਦਾ ਵਿਹੜਾ ਸਮੁੱਚੀ ਮਨੁੱਖਤਾ ਨੂੰ ਆਸ਼ੀਰਵਾਦ ਦਿੰਦਾ ਪ੍ਰਤੀਤ ਹੋ ਰਿਹਾ ਸੀ, ਜਿੱਥੇ ਵੱਖ-ਵੱਖ ਦੇਸ਼ਾਂ ਅਤੇ ਨਸਲਾਂ ਦੇ ਲੋਕ ਖੁਸ਼ੀ ਅਤੇ ਉਤਸ਼ਾਹ 'ਚ ਘੁੰਮ ਰਹੇ ਸਨ। ਪੰਜਾਬੀ ਅਤੇ ਭਾਰਤੀ ਮੂਲ ਦੇ ਕਈ ਨੌਜਵਾਨ ਆਪਣੀਆਂ ਯੂਰਪੀਨ ਅਤੇ ਆਈਲੈਂਡਜ ਮੂਲ ਦੀਆਂ ਜੀਵਨ ਸਾਥਣਾਂ ਨਾਲ ਵੀ ਗੁਰੂਘਰ ਚੋਂ ਆਸ਼ੀਰਵਾਦ ਲੈਣ ਪੁੱਜੇ।ਦਰਬਾਰ ਸਾਹਿਬ ਹਾਲ 'ਚ ਫ਼ਤਹਿਗੜ੍ਹ ਸਭਰਾਵਾਂ ਤੋਂ ਵਿਸ਼ੇਸ਼ ਤੌਰ 'ਤੇ ਆਕਲੈਂਡ 'ਚ ਪਹਿਲੀ ਵਾਰ ਪੁੱਜੇ ਛੋਟੇ ਛੋਟੇ ਬੱਚਿਆਂ ਦੇ ਢਾਡੀ ਜਥੇ ਨੇ ਭਾਈ ਹਰਮਨਦੀਪ ਸਿੰਘ ਦੀ ਅਗਵਾਈ 'ਚ ਜੋਸ਼ੀਲੀਆਂ ਵਾਰਾਂ ਨਾਲ ਜਿੱਥੇ ਵੱਡਿਆਂ ਅਤੇ ਬਜ਼ੁਰਗਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ, ਉਥੇ ਨਿਊਜ਼ੀਲੈਂਡ 'ਚ ਜੰਮੀ ਨਵੀਂ ਪੀੜ੍ਹੀ ਨੂੰ ਵੀ ਸਿੱਖ ਫਲਸਫੇ ਨਾਲ ਡੂੰਘੀ ਸਾਂਝ ਪਾਈ ਰੱਖਣ ਦਾ ਸੁਨੇਹਾ ਦਿੱਤਾ। ਇਸੇ ਦੌਰਾਨ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਅਤੇ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਨੇ ਕੀਰਤਨ ਰਾਹੀਂ ਗੁਰੂਸ਼ਬਦਾਂ ਨੂੰ ਸੰਗਤ ਤੱਕ ਪਹੁੰਚਾਇਆ ਅਤੇ ਪੰਜਾਬ ਦੇ ਸਿਆਸੀ ਅਤੇ ਸਮਾਜੀ ਹਾਲਾਤ 'ਤੇ ਝਾਤ ਪਵਾਈ। ਇਸੇ ਦੌਰਾਨ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਲੀਡਰ ਅਤੇ ਨੈਸ਼ਨਲ ਪਾਰਟੀ ਦੇ ਆਗੂ ਸਾਈਮਨ ਬਰਿਜਸ ਨੇ 'ਸਤਿ ਸਿਰੀ ਆਕਾਲ' ਬੁਲਾ ਕੇ ਸਿੱਖ ਭਾਈਚਾਰੇ ਦੀ ਤਰੀਫ ਕੀਤੀ, ਜੋ ਦੇਸ਼ ਦੇ ਵਿਕਾਸ ਲਈ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿਵੀ ਅਤੇ ਭਾਰਤੀ ਭਾਈਚਾਰੇ ਦੀਆਂ ਪਰਿਵਾਰਾਂ ਅਤੇ ਸਖ਼ਤ ਮਿਹਨਤ ਵਾਲੀਆਂ ਕਦਰਾਂ-ਕੀਮਤਾਂ ਸਾਂਝੀਆਂ ਹਨ ਅਤੇ ਕਿਰਪਾਨ ਦਾ ਮੁੱਦਾ ਵੀ ਕਿਸੇ ਤਨ ਪੱਤਣ ਲਾ ਦੇਣਗੇ ਤਾਂ ਜੋ ਸਿੱਖ ਕਿਰਪਾਨ ਪਾ ਕੇ ਪੂਰੀ ਕਾਨੂੰਨੀ ਅਜ਼ਾਦੀ ਨਾਲ ਦੇਸ਼ ਭਰ 'ਚ ਘੁੰਮ ਸਕਣ। ਉਨ੍ਹਾਂ ਗੁਰਦੁਆਰਾ ਸਾਹਿਬ 'ਚ ਸੱਦਾ ਦੇਣ ਲਈ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪਹਿਲੇ ਸਿੱਖ ਪਾਰਲੀਮੈਂਟ ਮੈਂਬਰ ਕੰਵਲਜੀਤ ਸਿੰਘ ਬਖਸ਼ੀ ਨੇ ਵੀ ਸੰਗਤ ਨੂੰ ਵਧਾਈ ਦਿੱਤੀ। ਅਖੀਰ ਦਸ ਵਜੇ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਗਰਾਊਂਡ 'ਚ 10-15 ਮਿੰਟ ਲਈ ਹੋਈ ਆਤਿਸ਼ਬਾਜ਼ੀ ਨੇ ਇਸ ਇਤਿਹਾਸਕ ਸਮਾਗਮ ਦੇ ਜਲੌਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ,ਜਿਸਨੂੰ ਵੇਖਣ ਲਈ ਸੰਗਤ ਆਕਲੈਂਡ ਤੋਂ ਇਲਾਵਾ ਵਲਿੰਗਟਨ, ਹੈਮਿਲਟਨ, ਟੌਰੰਗਾ, ਟੀਪੁੱਕੀ ਅਤੇ ਹੋਰ ਸ਼ਹਿਰਾਂ ਤੋਂ ਵੀ ਪੁੱਜੀ ਹੋਈ ਸੀ। ਆਤਿਸ਼ਬਾਜੀ ਨੂੰ ਸਥਾਨਕ ਮੂਲ ਦੇ ਲੋਕਾਂ ਨੇ ਵੀ ਪੂਰੀ ਦਿਲਸਚਪੀ ਨਾਲ ਇਸ ਮੌਕੇ ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਦੇ ਬੁਲਾਰੇ ਦਲਜੀਤ ਸਿੰਘ ਨੇ ਸਾਰੀ ਸੰਗਤ ਦਾ ਧੰਨਵਾਦ ਕਰਦਿਆਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ, ਜਿਨ੍ਹਾਂ ਦੀ ਮਿਹਰ ਨਾਲ ਦੇਸ਼ 'ਚ ਹਰ ਸਾਲ ਹੋਣ ਵਾਲਾ ਭਾਰਤੀ ਭਾਈਚਾਰੇ ਦਾ ਇਹ ਵੱਡਾ ਇਤਿਹਾਸਕ ਈਵੈਂਟ ਪੂਰਾ ਸਫ਼ਲਤਾ ਨਾਲ ਨੇਪਰੇ ਚੜ੍ਹਿਆ। ਉਨ੍ਹਾਂ ਸਾਰੇ ਸੇਵਾਦਾਰਾਂ ਦਾ ਸ਼ੁਕਰੀਆ ਕਰਦਿਆਂ ਦੱਸਿਆ ਕਿ ਅਜਿਹੇ ਕਾਰਜ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਸੰਪੂਰਨ ਕੀਤੇ ਜਾ ਸਕਦੇ ਹਨ, ਜਿਸ ਲਈ ਸਾਰਾ ਸਿੱਖ ਭਾਈਚਾਰਾ ਹੀ ਵਧਾਈ ਦਾ ਪਾਤਰ ਹੈ।ਵਾਹਿਗੁਰੂ ਦਾ ਸ਼ੁਕਰਾਨਾ ਕੀਤਾ, ਜਿਨ੍ਹਾਂ ਦੀ ਮਿਹਰ ਨਾਲ ਦੇਸ਼ 'ਚ ਹਰ ਸਾਲ ਹੋਣ ਵਾਲਾ ਭਾਰਤੀ ਭਾਈਚਾਰੇ ਦਾ ਇਹ ਵੱਡਾ ਇਤਿਹਾਸਕ ਈਵੈਂਟ ਪੂਰਾ ਸਫ਼ਲਤਾ ਨਾਲ ਨੇਪਰੇ ਚੜ੍ਹਿਆ। ਉਨ੍ਹਾਂ ਸਾਰੇ ਸੇਵਾਦਾਰਾਂ ਦਾ ਸ਼ੁਕਰੀਆ ਕਰਦਿਆਂ ਦੱਸਿਆ ਕਿ ਅਜਿਹੇ ਕਾਰਜ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਸੰਪੂਰਨ ਕੀਤੇ ਜਾ ਸਕਦੇ ਹਨ, ਜਿਸ ਲਈ ਸਾਰਾ ਸਿੱਖ ਭਾਈਚਾਰਾ ਹੀ ਵਧਾਈ ਦਾ ਪਾਤਰ ਹੈ। ਇਸੇ ਤਰਾਂ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਨਿਊਲਿਨ ਵਿਖੇ ਬੀਤੇ ਦਿਨੀਂ ਬਹੁਤ ਹੀ ਸ਼ਰਧਾ-ਭਾਵਨਾ ਨਾਲ ਬੰਦੀ ਛੋੜ ਦਿਵਸ ਮਨਾਇਆ ਗਿਆ। ਇਸ ਮੌਕੇ ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਪੁੱਜੀਆਂ ਅਤੇ ਸ਼ਾਨਦਾਰ ਦੀਪਮਾਲਾ ਵੀ ਕੀਤੀ ਗਈ । ਇਸ ਮੌਕੇ ਭਾਈ ਬਚਿੱਤਰ ਸਿੰਘ ਅਨਮੋਲ ਅਤੇ ਹਜੂਰੀ ਜੱਥਾ ਭਾਈ ਰਣਜੀਤ ਸਿੰਘ ਆਗਰਾ ਵਾਲਿਆਂ ਵਲੋਂ ਕੀਰਤਨ ਦੀ ਸੇਵਾ ਨਿਭਾਈ ਗਈ।